# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।

## ਪ੍ਰੈਸ ਨੋਟ

## ਵਾਰਡ ਨੰ 2 ਦੇ ਮੁਹੱਲਾ ਨਿਊ ਸੁਖੀਆਬਾਦ ਦੇ 174 ਨੀਲੇ ਕਾਰਡ ਧਾਰਕ ਲਾਭਪਾਤਰੀਆਂ ਨੂੰ ਮੇਅਰ ਸ਼ਿਵ ਸੂਦ ਨੇ ਰਾਸ਼ਨ ਦੀ ਵੰਡ ਕੀਤੀ।

ਹੁਸ਼ਿਆਰਪੁਰ 24 ਸਤਬੰਰ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਆਟਾ ਦਾਲ ਸਕੀਮ ਤਹਿਤ ਸ਼ਹਿਰ ਦੇ ਗਰੀਬ ਅਤੇ ਨੀਲੇ ਕਾਰਡ ਧਾਰਕ ਲਾਭਪਾਤਰੀਆਂ ਨੂੰ ਡਿਪੂਆਂ ਤੇ ਕਣਕ ਦੀ ਵੰਡ ਕੀਤੀ ਜਾ ਰਹੀ ਹੈ ਇਹ ਜਾਣਕਾਰੀ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਅੱਜ ਵਾਰਡ ਨੰ: 2 ਦੇ ਮੁਹੱਲਾ ਨਿਊ ਸੁਖੀਆਬਾਦ ਵਿਖੇ ਨੀਲੇ ਕਾਰਡ ਧਾਰਕਾਂ ਨੂੰ ਕਣਕ ਦੀ ਵੰਡ ਕਰਨ ਦੀ ਸ਼ੁਰੂਆਤ ਕਰਨ ਮੌਕੇ ਦਿੱਤੀ। ਇਸ ਮੋਕੇ ਤੇ ਉਹਨ੍ਹਾਂ ਨੇ ਦਸਿੱਆ ਕਿ ਅੱਜ ਵਾਰਡ ਨੰ:2 ਦੇ ਮੁਹੱਲਾ ਨਿਊ ਸੁਖੀਆਬਾਦ ਦੇ 174 ਨੀਲੇ ਕਾਰਡ ਧਾਰਕ ਪਰਿਵਾਰਾਂ ਜਿਹਨਾਂ ਦੇ 630 ਮੈਂਬਰ ਹਨ ਨੂੰ ਪੰਜਾਬ ਸਰਕਾਰ ਦੀ ਆਟਾ ਦਾਲ ਸਕੀਮ ਤਹਿਤ 2 ਰੁਪਏ ਕਿਲੋ ਦੇ ਹਿਸਾਬ ਨਾਲ ਅਪ੍ਰੈਲ 2016 ਤੋਂ ਸਤਬੰਰ 2016 ਤੱਕ 6 ਮਹੀਨੇ ਦੀ ਬਣਦੀ ਕਣਕ ਦਿੱਤੀ ਜਾ ਰਹੀ ਹੈ। ਉਹਨਾਂ ਦੱਸਿਆ ਕਿ ਸਰਕਾਰ ਵੱਲੋਂ ਗਰੀਬ ਪਰਿਵਾਰਾਂ ਦਾ ਜੀਵਨ ਪੱਧਰ ਉੱਚਾ ਚੁਕੱਣ ਲਈ ਵੱਖ-ਵੱਖ ਭਲਾਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ ਅਤੇ ਨੀਲੇ ਕਾਰਡ ਧਾਰਕ ਲਾਭਪਾਤਰੀਆਂ ਨੂੰ ਸਮੇਂ ਸਿਰ ਰਾਸ਼ਨ ਦੀ ਵੰਡ ਕੀਤੀ ਜਾ ਰਹੀ ਹੈ। ਠਾਕੁਰ ਰਮੇਸ਼ ਚੰਦ, ਨੀਰਜ ਜਰਿਆਲ, ਸੰਜੀਵ ਕੁਮਾਰ, ਰਾਮ ਪ੍ਰਕਾਸ਼, ਅਜੈ ਜੈਨ, ਰਮੇਸ਼ ਕੁਮਾਰ, ਪ੍ਰੇਮ ਚੰਦ, ਬਲਰਾਮ ਭਾਰਗਵ, ਹੰਸਰਾਜ, ਜਗਦੀਸ਼ ਠਾਕੁਰ ਅਤੇ ਨੀਲੇ ਕਾਰਡ ਧਾਰਕ ਲਾਭਪਾਤਰੀ ਵੱਡੀ ਗਿਣਤੀ ਵੀ ਇਸ ਮੋਕੇ ਤੇ ਹਾਜਰ ਸਨ।